# 2. ਸੰਬੰਧਿਤ ਸਾਹਿਤ ਦਾ ਪੁਨਰ ਅਵਲੋਕਨ ਅਤੇ ਖੋਜ ਦੀ ਕਾਰਜ ਵਿਧੀ

## 2.1. ਸੰਬੰਧਿਤ ਸਾਹਿਤ ਦਾ ਪੁਨਰ ਅਵਲੋਕਨ :

ਕਿਸੇ ਵੀ ਵਿਸ਼ੇ ਤੇ ਖੋਜ ਕਾਰਜ ਆਰੰਭ ਕਰਨ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੁੰਦਾ ਹੈ ਕਿ ਜਿਸ ਵਿਸ਼ੇ ਤੇ ਖੋਜ ਕਰਤਾ ਨੇ ਖੋਜ-ਕਾਰਜ ਕਰਨਾ ਹੁੰਦਾ ਹੈ ਉਸ ਨਾਲ ਸੰਬੰਧਿਤ ਵਿਸ਼ੇ ਤੇ ਹੋਏ ਕਾਰਜ ਦੀ ਪੂਰਨ ਜਾਣਕਾਰੀ ਹਾਸਿਲ ਕੀਤਾ ਜਾਵੇ ਤਾਂ ਜੋ ਉਸ ਵਿਸ਼ੇ ਦੀ ਪੁਨਰਵਿਰਤੀ ਨਾ ਹੋ ਜਾਵੇ ਅਤੇ ਗਿਆਨ ਹੋ ਜਾਵੇ ਕਿ ਪਹਿਲਾਂ ਹੋ ਚੁੱਕੇ ਖੋਜ-ਕਾਰਜ ਵਿਚ ਅੱਗੇ ਕਿਸ ਦਿਸ਼ਾ ਵਿਚ ਖੋਜ-ਕਾਰਜ ਹੋਣ ਦੀ ਲੋੜ ਹੈ ਜਾਂ ਸੰਭਾਵਨਾ ਹੈ। ਸੰਬੰਧਿਤ ਸਾਹਿਤ ਦਾ ਅਵਲੋਕਨ ਕਰਨ ਤੇ ਖੋਜਾਰਥੀਆਂ ਨੂੰ ਆਪਣੇ ਖੋਜ ਵਿਸ਼ੇ ਸੰਬੰਧਿਤ ਸਮੱਗਰੀ ਇਕੱਤਰ ਕਰਨ ਹੇਤੂ ਸੁਖਾਵੀਂ ਅਤੇ ਲੋੜੀਂਦੀ ਸੁਵਿਧਾ ਪ੍ਰਾਪਤ ਹੋ ਜਾਂਦੀ ਹੈ। ਖੋਜਾਰਥੀਆਂ ਨੂੰ ਵਿਸ਼ੇ ਨਾਲ ਸੰਬੰਧਿਤ ਕਾਰਜਾਂ ਦਾ ਅਵਲੋਕਨ ਕਰਨ ਤੇ ਪਹਿਲਾਂ ਹੋ ਚੁੱਕੇ ਖੋਜ ਕਾਰਜ ਵਿਚ ਅਣਛੂਏ ਪਹਿਲੂ ਜਾਂ ਸਮੱਸਿਆਵਾਂ ਦਾ ਗਿਆਨ ਹੋ ਜਾਂਦਾ ਹੈ ਅਤੇ ਖੋਜਕਰਤਾ ਉਹਨਾਂ ਪਹਿਲੂਆਂ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੇ ਖੋਜ ਕਾਰਜ ਨੂੰ ਅੱਗੇ ਵਧਾਉਂਦਾ ਹੈ।

### ਖੋਜ ਪ੍ਰਬੰਧ – ਲਘੂ ਖੋਜ ਪ੍ਰਬੰਧ – ਖੋਜ ਪੱਤਰ

**2.1.1 "ਪੰਜਾਬੀ ਗ਼ਜ਼ਲ : ਜਨਮ ਤੇ ਵਿਕਾਸ : 1981 (ਸਾਧੂ ਸਿੰਘ ਹਮਦਰਦ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।"**

ਇਸ ਖੋਜ ਪ੍ਰਬੰਧ ਵਿਚ ਗ਼ਜ਼ਲ ਦਾ ਫ਼ਾਰਸੀ ਸਾਹਿਤ ਵਿਚ ਉਤਪਤੀ ਅਤੇ ਵਿਕਾਸ ਅਤੇ ਭਾਰਤੀ ਸਾਹਿਤ ਵਿਚ ਇਸ ਦਾ ਉਤਪਤੀ ਅਤੇ ਵਿਕਾਸ ਦੀ ਜਾਣਕਾਰੀ ਦਿੰਦੇ ਹੋਏ ਹਿੰਦੀ ਅਤੇ ਉਰਦੂ ਦੇ ਸੁਮੇਲ ਵਜੋਂ ਪ੍ਰਚਾਰਿਤ ਪ੍ਰਸਾਰਿਤ ਹੋਣ ਬਾਰੇ ਉਚਿਤ ਜਾਣਕਾਰੀ ਦਿੱਤੀ ਗਈ ਹੈ। ਭਾਰਤ ਵਿਚ ਗ਼ਜ਼ਲ ਦੀ ਆਮਦ ਹਿੰਦਵੀ, ਦੱਖਣੀ, ਗੁਜਰੀ ਜ਼ਿਕਰੀ ਤੇ ਉਰਦੂ ਦਾ ਬਿਓਰਾ ਦਿੱਤਾ ਹੈ। ਗ਼ਜ਼ਲ ਦੇ ਪੰਜਾਬ ਵਿਚ ਫੈਲਾਓ ਦੇ ਅੰਤਰਗਤ ਗ਼ਜ਼ਲਕਾਰਾਂ ਦੇ ਕਲਾਮ ਦਾ ਵਿਸਤਰਿਤ ਸਰਵੇਖਣ ਤੇ ਭਰਭੂਰ ਵਿਸ਼ਲੇਸ਼ਣ ਦਿੱਤਾ ਹੈ। ਪਾਕਿਸਤਾਨ-ਭਾਰਤ ਦੀ ਵੰਡ ਪਿੱਛੋਂ ਗ਼ਜ਼ਲ ਦੀ ਸਥਿਤੀ ਨੂੰ ਦਰਸਾਉਣ ਹੇਤੂ ਮਾਨਤਾ ਪ੍ਰਾਪਤ ਗ਼ਜ਼ਲਗੋਆ ਦਾ ਵੇਰਵਾ ਦਿੱਤਾ ਹੈ ਅਤੇ ਅੰਤ ਵਿਚ ਪੰਜਾਬੀ ਗ਼ਜ਼ਲ ਦੀ ਵਿਸ਼ੈਗਤ ਅਤੇ ਕਲਾਤਮਕ ਕਾਲ ਵਿਚ ਮੌਜੂਦਾ ਸਥਿਤੀ, ਇਸ ਨੂੰ ਪ੍ਰਫੁੱਲਤ ਕਰਨ ਲਈ ਸੋਧਾਂ, ਸੁਝਾਅ ਅਤੇ ਸਮੱਸਿਆਵਾਂ ਉਪੱਰ ਵੀ ਚਰਚਾ ਕੀਤੀ ਹੈ।

**2.1.2 "ਖਿਆਲ ਗਾਇਨ ਸ਼ੈਲੀ ਮੇਂ ਭਕਤੀ ਰਸ ਕਾ ਸਵਰੂਪ : 2002 (ਅਮਿਤਾ ਪਾਂਡੇ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।"**

ਇਸ ਖੋਜ ਪ੍ਰਬੰਧ ਵਿਚ ਭਾਰਤੀ ਸੰਗੀਤ ਦੀਆਂ ਵਿਭਿੰਨ ਗਾਇਨ ਸ਼ੈਲੀਆਂ ਜਿਵੇਂ ਕਿ ਧਰੁਪਦ, ਧਮਾਰ, ਠੁਮਰੀ, ਦਾਦਰਾ, ਸਾਦਰਾ, ਤਰਾਨਾ, ਭਜਨ, ਸ਼ਬਦ, ਕੀਰਤਨ, ਗੀਤ, ਨਾਂਤ ਦਾ ਸੰਖੇਪ ਵਰਨਣ ਕੀਤਾ ਹੈ। ਭਕਤੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਤੋਂ ਉਪਰੰਤ ਭਗਤੀ ਸ਼ਬਦ ਦੀ ਵਿਆਖਿਆ, ਭਗਤੀ ਰਸ, ਭਗਤੀ ਸੰਗੀਤ ਨੂੰ ਪ੍ਰਫੁੱਲਿਤ ਕਰਨ ਵਾਲੇ ਭਗਤ ਸੰਗੀਤਕਾਰਾਂ ਦਾ ਵਰਨਣ ਹੈ। ਖਿਆਲ ਗਾਇਨ ਸ਼ੈਲੀ ਦੇ ਨਿਕਾਸ, ਵਿਕਾਸ, ਖਿਆਲ ਸ਼ਬਦ ਦੇ ਅਰਥ, ਖਿਆਲ ਸ਼ਬਦ ਦਾ ਸੰਖੇਪ ਇਤਿਹਾਸਿਕ ਵਰਨਣ ਕੀਤਾ ਹੈ। ਖਿਆਲ

ਸ਼ੈਲੀ ਨੂੰ ਪ੍ਰਫੁੱਲਿਤ ਕਰਨ ਵਿਚ ਘਰਾਨਿਆਂ ਦੇ ਯੋਗਦਾਨ ਦਾ ਵਰਨਣ ਹੈ। ਖਿਆਲ ਗਾਇਨ ਸ਼ੈਲੀ ਨਾਲ ਸੰਬੰਧਿਤ ਰਾਗ, ਭਾਸ਼ਾ ਰਸ ਦਾ ਵਰਨਣ ਕਰਦੇ ਹੋਏ ਸਵਰ ਲਿੱਪੀਆਂ ਦਿੱਤੀਆਂ ਗਈਆਂ ਹਨ।

**2.1.3 "ਕਾਫ਼ੀ ਗਾਇਨ ਵਿਧਾ ਦਾ ਸੰਗੀਤਕ ਏਵਮ ਸਾਹਿਤਕ ਅਧਿਐਨ (ਕੁਲਦੀਪ ਕੁਮਾਰ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।"**

ਇਸ ਖੋਜ ਪ੍ਰਬੰਧ ਵਿਚ ਕਾਫ਼ੀ ਸ਼ਬਦ ਦੇ ਅਰਥ ਨੂੰ ਸਪੱਸ਼ਟ ਕਰਨ ਦੇ ਲਈ ਵਿਭਿੰਨ ਵਿਦਵਾਨਾਂ, ਗ੍ਰੰਥਕਾਰਾਂ ਦੇ ਮਤਾਂ ਦਾ ਵਰਨਣ ਕੀਤਾ ਗਿਆ ਹੈ। ਕਾਫ਼ੀ ਵਿਧਾ ਦੇ ਇਤਿਹਾਸਿਕ ਵਿਕਾਸ ਅਤੇ ਨਿਕਾਸ ਦੇ ਬਾਰੇ ਵਿਚ ਦਸਦੇ ਹੋਏ ਪ੍ਰਸਿੱਧ ਸੂਫ਼ੀ ਸਾਹਿਤਕਾਰਾਂ ਦੀਆਂ ਕਾਫ਼ੀਆਂ ਲਿਖੀਆਂ ਹਨ। ਕਾਫ਼ੀ ਗਾਇਨ ਸ਼ੈਲੀ ਦੇ ਨਾਲ ਪ੍ਰਯੋਗ ਹੋਣ ਵਾਲੇ ਸਾਜਾਂ, ਤਾਲਾਂ, ਛੰਦ ਆਦਿ ਦੇ ਬਾਰੇ ਵਿਚ ਵੀ ਚਾਨਣਾ ਪਾਇਆ ਗਿਆ ਹੈ। ਕਾਫ਼ੀਆਂ ਦੇ ਪ੍ਰਕਾਰ ਜਿਵੇਂ ਕਿ ਮੁਲਤਾਨੀ, ਸਿੰਧੀ, ਪਹਾੜੀ, ਪੰਜਾਬੀ ਕਾਫੀ ਦੀ ਸਾਹਿਤਕ ਅਤੇ ਸੰਗੀਤ ਚਰਚਾ ਕੀਤੀ ਹੈ। ਕਾਫ਼ੀ ਰਚਨਾਕਾਰ ਬਾਬਾ ਸ਼ੇਖ ਫ਼ਰੀਦ, ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ ਅਤੇ ਗੁਰੂਆਂ ਦੇ ਜੀਵਨ ਅਤੇ ਕਾਵਿ ਜਗਤ ਨੂੰ ਦੇਣ ਬਾਰੇ ਦੱਸਿਆ ਹੈ।

**2.1.4 "ਸੂਫ਼ੀ ਸੰਗੀਤ ਕਾ ਉਦਭਵ, ਵਿਕਾਸ ਤਥਾ ਉਸਕਾ ਵਰਤਮਾਨ ਸਵਰੂਪ : ਉੱਤਰ ਪੱਛਮ ਭਾਰਤ ਕੇ ਵਿਸ਼ੇਸ਼ ਸੰਦਰਭ ਮੇਂ, (ਰਾਜ ਕੁਮਾਰ ਸ਼ਰਮਾ) ਐਚ.ਪੀ. ਯੂਨੀਵਰਸਿਟੀ, ਸ਼ਿਮਲਾ।"**

ਇਸ ਖੋਜ ਪ੍ਰਬੰਧ ਵਿਚ ਸੂਫ਼ੀਮਤ ਨੂੰ ਇਸਲਾਮੀ ਪ੍ਰਵਿਰਤੀ ਮੂਲਕ ਧਰਮ ਮੰਨਿਆ ਹੈ ਅਤੇ ਸੂਫ਼ੀਮਤ ਦਾ ਮੂਲ ਸਰੋਤ ਕੁਰਾਨ ਨੂੰ ਮੰਨਦੇ ਸੂਫ਼ੀ ਸ਼ਬਦ ਦੀ ਵਿਸਤਾਰਪੂਰਵਕ ਜਾਣਕਾਰੀ ਹੇਤੂ ਸੂਫ਼ੀ ਸ਼ਬਦ ਦਾ ਸ਼ਾਬਦਿਕ ਅਰਥ, ਸੂਫ਼ੀ ਸ਼ਬਦ ਦੇ ਬਾਰੇ ਭਿੰਨ-ਭਿੰਨ ਵਿਦਵਾਨਾਂ ਦੇ ਮਤ ਦਿੰਦੇ ਹੋਏ ਸੂਫ਼ੀ ਉਹਨਾਂ ਫ਼ਕੀਰਾਂ ਨੂੰ ਮੰਨਿਆ ਹੈ ਜੋ ਅਪਵਿੱਤਰਤਾ ਨੂੰ ਪਿੱਛੇ ਛੱਡ ਕੇ, ਆਪਣੀਆਂ ਵਾਸਨਾਵਾਂ ਦਾ ਤਿਆਗ ਕਰਕੇ ਇਸ਼ਟ ਦੀ ਭਗਤੀ ਵਿਚ ਜੁੜ ਜਾਂਦੇ ਹਨ। ਇਸ਼ਟ ਦੀ ਪ੍ਰਾਪਤੀ ਹੇਤੂ ਸੰਗੀਤ ਦਾ ਮਾਰਗ ਹੀ ਸਰਲ ਸੁਗਮ ਦੱਸਿਆ ਹੈ। ਉੱਤਰ ਪੱਛਮੀ ਭਾਰਤ ਵਿਚ ਸੂਫ਼ੀ ਗਾਇਨ ਦੀਆਂ ਸ਼ੈਲੀਆਂ ਦੇ ਅੰਤਰਗਤ ਕੱਵਾਲੀ, ਕਾਫ਼ੀ ਗਜ਼ਲ ਦਾ ਵਰਨਣ ਹੈ।

**2.1.5 "ਗੁਰਬਾਣੀ ਅਤੇ ਪੰਜਾਬੀ ਸੂਫ਼ੀ ਕਾਵਿ ਦੇ ਸੰਗੀਤ ਦਾ ਤੁਲਨਾਤਮਕ ਅਧਿਐਨ (ਹਰਵਿੰਦਰ ਸਿੰਘ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।"**

ਇਸ ਖੋਜ ਪ੍ਰਬੰਧ ਵਿਚ ਗੁਰਮਤਿ ਸੰਗੀਤ ਅਤੇ ਸੂਫ਼ੀ ਸੰਗੀਤ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਇਸ ਖੋਜ ਪ੍ਰਬੰਧ ਵਿਚ ਸਾਹਿਤਕ ਤੋਂ ਜਿਆਦਾ ਸੰਗੀਤਕ ਪੱਖ ਵੱਲ ਹੀ ਧਿਆਨ ਕੇਂਦਰਿਤ ਕੀਤਾ ਹੈ। ਗੁਰੂ ਸਾਹਿਬਾਨ ਅਤੇ ਸੂਫ਼ੀ ਕਵੀਆਂ ਨੇ ਸੰਗੀਤ ਕਲਾ ਨੂੰ ਭਗਤੀ ਦੇ ਅਧਿਆਤਮਕ ਲੋਕ ਵਿਚ ਪ੍ਰਵੇਸ਼ ਕਰਵਾਇਆ। ਖੋਜ ਪ੍ਰਬੰਧ ਦੇ ਸ਼ੁਰੂ ਵਿਚ ਪੰਜਾਬ ਦੀ ਇਤਿਹਾਸਿਕ ਪ੍ਰਿਸ਼ਟ ਭੂਮੀ, ਪੰਜਾਬ ਦੇ ਨਾਮਕਰਣ, ਪੰਜਾਬ ਦੀਆਂ ਹੱਦਾਂ, ਪੰਜਾਬ ਵਿਚ ਵਸਣ ਵਾਲੀਆ ਜਾਤੀਆਂ ਅਤੇ ਭਾਸ਼ਾਵਾਂ ਦੇ ਮਹੱਤਵ ਨੂੰ ਰੂਪਮਾਨ ਕੀਤਾ ਗਿਆ ਹੈ। ਇਸਦਾ ਨਿਕਾਸ, ਵਿਕਾਸ ਅਤੇ ਸੂਫ਼ੀਮਤ ਦਾ ਭਾਰਤ ਵਿਚ ਆਗਮਨ ਬਾਰੇ ਦਸਦੇ ਹੋਏ ਸੂਫ਼ੀ ਕਵੀਆਂ ਅਤੇ ਸੂਫ਼ੀ ਕਾਵਿ ਦੇ ਬਾਰੇ ਜਾਣਕਾਰੀ ਦਿੱਤੀ ਹੈ। ਸੂਫ਼ੀ ਸੰਗੀਤ ਦੇ ਨਾਲ ਭਾਰਤੀ ਸੰਗੀਤ ਦੇ ਪ੍ਰਕਾਰ, ਸੰਗੀਤ ਦੇ ਆਧਾਰ ਰਾਗ, ਰਸ, ਰਾਗ ਧਿਆਨ, ਰਾਗ ਦਾ ਸਮਾਂ, ਸਿਧਾਂਤ, ਗੁਰਬਾਣੀ ਵਿਚ ਰਾਗ ਬਧ ਬਾਣੀ, ਰਾਗ ਮੁਕਤ ਬਾਣੀ ਅਤੇ ਲੋਕ ਸੰਗੀਤ ਨਾਲ ਸੰਬੰਧਿਤ ਬਾਣੀ ਬਾਰੇ ਵੀ ਉਚਿਤ ਜਾਣਕਾਰੀ

ਮਿਲਦੀ ਹੈ। ਸੰਗੀਤਕ ਪੱਖ ਅਧੀਨ ਸੂਫ਼ੀ ਸੰਗੀਤ, ਸੂਫ਼ੀ ਸੰਗੀਤ ਦੀਆਂ ਰਾਗ ਬੱਧ ਰਚਨਾਵਾਂ, ਰਾਗ ਮੁਕਤ ਰਚਨਾਵਾਂ ਅਤੇ ਲੋਕ ਸੰਗੀਤ ਨਾਲ ਸੰਬੰਧਿਤ ਕਾਵਿ ਦਾ ਵਰਨਣ ਹੈ। ਅੰਤ ਵਿਚ ਗੁਰਬਾਣੀ ਅਤੇ ਸੂਫ਼ੀ ਸੰਗੀਤ ਦਾ ਤੁਲਨਾਤਮਕ ਅਧਿਐਨ ਕੀਤਾ ਹੈ।

### 2.1.6 "ਖਿਆਲ ਗਾਇਨ ਸ਼ੈਲੀ ਮੇਂ ਬੰਦਿਸ਼ ਔਰ ਵਿਸਤਾਰ (ਨਿਮਿਤਾ ਸ਼ਰਮਾ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।"

ਇਸ ਖੋਜ ਪ੍ਰਬੰਧ ਵਿਚ ਖੋਜ ਕਰਤਾ ਨੇ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਸੰਗੀਤ ਕਲਾ ਦੀ ਵਿਆਖਿਆ ਕਰਦਿਆਂ ਦੋਨੋ ਸੰਗੀਤਕ ਪਧਿਤੀਆਂ ਦਾ ਉਲੇਖ ਕੀਤਾ ਹੈ ਪਰੰਤੂ ਉਤਰੀ ਭਾਰਤੀ ਸੰਗੀਤ ਪਰੰਪਰਾ ਦਾ ਵਿਸ਼ੇਸ਼ ਵਰਨਣ ਕੀਤਾ ਹੈ। ਬੰਦਿਸ਼ ਨੂੰ ਸੰਗੀਤ ਕਲਾ ਦੀ ਪੂਰਵ ਕਾਲੀਨ ਪਰੰਪਰਾ ਦਾ ਘੋਤਕ ਦੱਸਿਆ ਗਿਆ ਹੈ ਅਤੇ ਬੰਦਿਸ਼ ਅਤੇ ਸੰਗੀਤਕ ਵਿਸਤਾਰ ਦਾ ਯੋਗਦਾਨ ਅਤਿਅੰਤ ਮਹੱਤਵਪੂਰਨ ਮੰਨਿਆ ਹੈ ਅਤੇ ਵੈਦਿਕ ਗਾਇਨ ਤੋਂ ਲੈ ਕੇ ਧਰੁਪਦ ਧਮਾਰ ਗਾਇਨ ਤੱਕ ਦਾ ਵਿਵੇਚਨ ਕੀਤਾ ਹੈ। ਧਰੁਪਦ ਧਮਾਰ ਤੋਂ ਬਾਅਦ ਪ੍ਰਚਾਰ ਵਿਚ ਆਈ ਖਿਆਲ ਗਾਇਨ ਸ਼ੈਲੀ ਦੇ ਪ੍ਰਚਲਨ ਦੇ ਵਰਨਣ ਹੈ ਹੇਤੂ ਖਿਆਲ ਦਾ ਸ਼ਾਬਦਿਕ ਅਰਥ ਅਤੇ ਖਿਆਲ ਦੇ ਪ੍ਰਚਾਰ ਪ੍ਰਸਾਰ ਦੇ ਕਾਰਨਾਂ ਤੇ ਚਾਨਣਾ ਪਾਇਆ ਹੈ। ਖਿਆਲ ਸ਼ੈਲੀ ਦੇ ਵਿਕਾਸ ਹੇਤੂ, ਨਾਦ, ਸ਼ਰੁਤੀ, ਸਵਰ, ਰਾਗ, ਲੈਅ, ਤਾਲ, ਭਾਸ਼ਾ, ਵਿਸ਼ਾ, ਰਸ, ਭਾਵ ਆਦਿ ਦਾ ਵੇਰਵਾ ਦਿੱਤਾ ਹੈ ਅਤੇ ਆਧੁਨਿਕ ਖਿਆਲ ਗਾਇਨ ਸ਼ੈਲੀ ਵਿਚ ਬੰਦਿਸ਼ ਅਤੇ ਵਿਸਤਾਰ ਦਾ ਵਿਸ਼ਲੇਸ਼ਣਾਤਮਕ ਅਧਿਐਨ ਕੀਤਾ ਹੈ। ਖਿਆਲ ਸ਼ੈਲੀ ਦੇ ਅੰਤਰਗਤ ਸਵਰ ਲਿਪੀਆਂ ਅਤੇ ਸੰਗੀਤ ਦੇ ਗੁਣੀਜਨਾਂ ਨਾਲ ਸ਼ਾਖਸਾਤਕਾਰ ਕੀਤੇ ਹਨ ਤਾਂ ਜੋ ਵਰਤਮਾਨ ਸਥਿਤੀ ਵਿਚ ਖਿਆਲ ਦੇ ਪ੍ਰਚਾਰ ਪ੍ਰਸਾਰ ਹੇਤੂ ਉਪਯੋਗੀ ਸੁਝਾਵ ਵਿਅਕਤ ਕੀਤੇ ਜਾ ਸਕਣ।

### 2.1.7 "ਸੂਫ਼ੀ ਗਾਇਨ ਪਰੰਪਰਾ ਦਾ ਸਾਹਿਤਕ ਏਂਵ ਸੰਗੀਤਾਤਮਕ ਅਧਿਐਨ (ਸਤਿੰਦਰ ਪਾਲ ਸਿੰਘ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।"

ਇਸ ਖੋਜ ਪ੍ਰਬੰਧ ਵਿਚ ਖੋਜ ਕਰਤਾ ਨੇ ਸੂਫ਼ੀ ਸ਼ਬਦ ਦੀ ਉਤਪਤੀ ਸੂਫ਼ੀਆ ਦੇ ਲੱਛਣ, ਸੂਫ਼ੀ ਲਕਬ, ਉਰਸ ਦਾ ਉਲੇਖ ਕੀਤਾ ਹੈ। ਸੂਫ਼ੀ ਕਵੀਆਂ ਦਾ ਵਰਗੀਕਰਨ ਕਰਦੇ ਹੋਏ ਫ਼ਾਰਸੀ, ਉਰਦੀ ਅਤੇ ਹਿੰਦੀ ਦੇ ਕਵੀਆਂ ਦਾ ਸੰਖੇਪ ਵਿਚ ਪਰਿਚੈ ਦਿੰਦੇ ਹੋਏ ਸਾਹਿਤਕ ਰਚਨਾਵਾਂ ਦਿੱਤੀਆਂ ਗਈਆਂ ਹਨ। ਸੂਫ਼ੀ ਸੰਗੀਤ ਦੇ ਅੰਤਰਗਤ ਕੱਵਾਲੀ, ਕਾਫ਼ੀ, ਗ਼ਜ਼ਲ, ਨਾਂਤ, ਕੌਲ, ਕਲਬਾਨਾ, ਨਕਸ਼ੋਗੁਲ, ਖਮਸਾ, ਰੰਗ, ਮੁਸਦਦਸ, ਮਸਨਵੀ, ਕਸੀਦਾ, ਮਰਸੀਆ, ਨੌਹਾ, ਤਾਨ, ਤਿੱਲੀ ਆਦਿ ਦੇ ਚਾਨਣਾ ਪਾਇਆ ਹੈ ਇਨ੍ਹਾਂ ਗਾਇਨ ਸ਼ੈਲੀਆਂ ਵਿਚ ਵਰਤੇ ਜਾਂਦੇ ਸਾਜਾਂ ਦਾ ਵੀ ਵੇਰਵਾ ਹੈ। ਸੂਫ਼ੀ ਕਲਾਮ ਦੀਆਂ ਸਵਰ ਲਿਪੀਆ ਵੀ ਦਿੱਤੀਆਂ ਹਨ। ਸੂਫ਼ੀ ਸੰਗੀਤ ਬਾਰੇ ਵਰਤਮਾਨ ਹਿੰਦੁਸਤਾਨੀ ਅਤੇ ਪਾਕਿਸਤਾਨੀ ਕਲਾਕਾਰ ਨਾਲ ਮੁਲਾਕਾਤ ਕਰਕੇ ਵਿਸ਼ੇ ਨਾਲ ਸੰਬੰਧਿਤ ਉੱਚਿਤ ਜਾਣਕਾਰੀ ਦਿੱਤੀ ਹੈ।

**2.1.8 "ਕੱਵਾਲੀ ਗਾਇਨ ਸ਼ੈਲੀ ਦਾ ਬਦਲਦਾ ਸਰੂਪ : ਵਿਸ਼ਲੇਸ਼ਣਾਤਮਕ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।"**

ਇਸ ਲਘੂ ਖੋਜ ਪ੍ਰਬੰਧ ਵਿਚ ਕੱਵਾਲੀ ਗਾਇਨ ਸ਼ੈਲੀ ਤੇ ਚਾਨਣਾ ਪਾਇਆ ਗਿਆ ਹੈ। ਕੱਵਾਲੀ ਮੁਸਲਿਮ ਸਮਾਜ ਦੀ ਇਕ ਵਿਸ਼ੇਸ਼ ਅਧਿਆਤਮਿਕ ਗਾਇਨ ਸ਼ੈਲੀ ਦੱਸੀ ਹੈ। ਸਭ ਤੋਂ ਪਹਿਲਾਂ ਕੱਵਾਲੀ ਦੇ ਜਨਮ ਸਮੇਂ ਇਸਦੇ ਅਧਿਆਤਮਕ ਸਰੂਪ ਦੀ ਜਾਣਕਾਰੀ ਦਿੱਤੀ ਗਈ ਹੈ। ਕੱਵਾਲੀ ਦੇ ਬਦਲਦੇ ਰੂਪ ਭਾਵ ਅਧਿਆਤਮਿਕਤਾ ਤੋਂ ਸ਼ਿੰਗਾਰਿਕਤਾ ਵੱਲ ਦੇ ਸਵਰ ਵਿਚ ਮੁਗਲ ਬਾਦਸ਼ਾਹਾਂ ਦੀ ਭੂਮਿਕਾ ਤੇ ਚਾਨਣਾ ਪਾਇਆ ਗਿਆ ਹੈ। ਸਮੇਂ ਦੇ ਬਦਲਣ ਨਾਲ ਇਸ ਸ਼ੈਲੀ ਨੇ ਕਿਹੜੇ-ਕਿਹੜੇ ਰੂਪ ਅਖਤਿਆਰ ਕੀਤੇ ਭਾਵ ਅਧਿਆਤਮਿਕਤਾ ਤੋਂ ਸ਼ਿੰਗਾਰਿਕਤਾ ਵੱਲ ਅਤੇ ਫਿਰ ਸ਼ਿੰਗਾਰਿਕਤਾ ਤੋਂ ਮੁੜ ਪੀਰਾਂ-ਫ਼ਕੀਰਾਂ ਦੀ ਦਰਗਾਹਾਂ ਤੇ ਆਪਣੇ ਪੁਰਾਤਨ ਰੂਪ ਵਿਚ ਪ੍ਰਕਾਸ਼ਮਾਨ ਹੋਈ।

**2.1.9 "ਪੰਜਾਬ ਦੀ ਸੂਫ਼ੀ ਗਾਇਕੀ ਦਾ ਪਰਿਵਰਤਿਤ ਸਵਰੂਪ (ਕੁਲਦੀਪ ਸਿੰਘ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।"**

ਇਸ ਲਘੂ ਖੋਜ ਪ੍ਰਬੰਧ ਵਿਚ ਸੂਫ਼ੀ ਸੰਗੀਤ ਬਾਰੇ ਜਾਣਕਾਰੀ ਦੇਣ ਹੇਤੂ ਸੂਫ਼ੀ ਸ਼ਬਦ ਦਾ ਅਰਥ, ਸੂਫ਼ੀਵਾਦ ਦਾ ਅਰਥ, ਸੂਫ਼ੀਵਾਦ ਦੇ ਰਹੱਸਵਾਦ ਬਾਰੇ ਜਾਣਕਾਰੀ ਦਿੱਤੀ ਗਈ ਹੈ। ਸੂਫ਼ੀਆਂ ਦੀ ਭਾਰਤ ਆਮਦ ਤੇ ਪੰਜਾਬ ਦੀ ਧਰਤੀ ਨਾਲ ਸੂਫ਼ੀ ਸੰਗੀਤ ਦਾ ਸੰਬੰਧ, ਪੰਜਾਬ ਦੀਆਂ ਇਤਿਹਾਸਿਕ, ਸਮਾਜਿਕ ਅਤੇ ਭੂਗੋਲਿਕ ਪ੍ਰਸਥਿਤੀਆਂ, ਸਭਿਆਚਾਰ ਸੰਸਕ੍ਰਿਤੀਆਂ ਅਤੇ ਰਹਿਣ-ਸਹਿਣ ਦੇ ਬਾਰੇ ਵਿਚ ਜਾਣਕਾਰੀ ਹੈ। ਸੂਫ਼ੀ ਸੰਗੀਤ ਦੇ ਅੰਤਰਗਤ ਵਰਤਮਾਨ ਸਮੇਂ ਵਿਚ ਸੂਫ਼ੀ ਕਵੀ ਅਤੇ ਸੂਫ਼ੀ ਗਾਇਕਾਂ ਦਾ ਵੇਰਵਾ ਮਿਲਦਾ ਹੈ। ਸੂਫ਼ੀ ਗਾਇਕੀ ਨਾਲ ਪ੍ਰਯੋਗ ਹੋਣ ਵਾਲੇ ਸਾਜਾਂ, ਧੁਨਾਂ ਦਾ ਵਰਨਣ ਕੀਤਾ ਗਿਆ ਹੈ ਅਤੇ ਆਧੁਨਿਕਤਾ ਦੇ ਇਸ ਦੌਰ ਵਿਚ ਧੁਨਾਂ, ਸਾਜਾਂ ਅਤੇ ਸੂਫ਼ੀ ਕਲਾਮ ਦੇ ਬਦਲਦੇ ਸਰੂਪ ਦਾ ਵਰਨਣ ਹੈ।

**2.1.10 "ਪੰਜਾਬ ਦੀ ਸੂਫ਼ੀ ਗਾਇਨ ਪਰੰਪਰਾ (ਸਤਿੰਦਰ ਪਾਲ ਸਿੰਘ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।"**

ਇਸ ਲਘੂ ਖੋਜ ਪ੍ਰਬੰਧ ਵਿਚ ਸਬ ਤੋਂ ਪਹਿਲਾਂ ਪੰਜਾਬ ਸ਼ਬਦ ਦੀ ਉਤਪਤੀ, ਭੂਗੋਲਿਕ ਸਥਿਤੀ, ਪੰਜਾਬ ਵਿਚ ਪ੍ਰਚਲਿਤ ਸ਼ਾਸਤਰੀ ਸੰਗੀਤ, ਉਪਸ਼ਾਸਤਰੀ ਸੰਗੀਤ ਅਤੇ ਪੰਜਾਬ ਦੇ ਲੋਕ ਸੰਗੀਤ ਦਾ ਸੰਖੇਪ ਵਿਚ ਵਰਨਣ ਹੈ। ਸੂਫ਼ੀ ਸ਼ਬਦ ਦੀ ਉਤਪਤੀ, ਵਿਕਾਸ, ਨਿਕਾਸ ਅਤੇ ਸੂਫ਼ੀ ਸੰਗੀਤ ਦੀ ਗਾਇਕੀ ਕਾਫੀ ਅਤੇ ਕਵਾਲੀ ਬਾਰੇ ਰੋਸ਼ਨੀ ਪਾਈ ਹੈ। ਸੂਫ਼ੀ ਸਾਹਿਤ ਦਾ ਅਤੇ ਸਾਹਿਤਕਾਰਾਂ ਦਾ ਵੇਰਵਾ ਦਿੱਤਾ ਹੈ। ਸੂਫ਼ੀ ਸੰਗੀਤ ਦੇ ਗਾਇਕ ਗਮਦੂਰ ਅਲੀ ਜੀ, ਪੂਰਨ ਸ਼ਾਹ ਕੋਟੀ, ਬਰਕਤ ਸਿੱਧੂ, ਸ਼ੌਕਤ ਅਲੀ, ਬੀਬੀ ਸਵਰਨਾਂ ਨੂਰਾਂ, ਹੰਸ ਰਾਜ ਅਤੇ ਇਸੇ ਤਰ੍ਹਾਂ ਹੀ ਖਾਸ ਤੌਰ ਤੇ ਕੱਵਾਲੀ ਦਾ ਨਿਭਾਅ ਕਰਨ ਵਾਲੇ ਜਨਾਬ ਕਰਾਮਤ ਫ਼ਕੀਰ ਜੀ ਕੱਵਾਲ ਮਲੇਰਕੋਟਲਾ, ਜਨਾਬ ਜਾਵੇਦ ਇਰਸ਼ਾਦ ਜੀ ਅਤੇ ਰਹਮਤ ਕੱਵਾਲ ਨਾਲ ਸ਼ਾਖਸ਼ਾਤ ਕਰਕੇ ਸੂਫ਼ੀ ਸੰਗੀਤ ਦੀ ਉਚਿਤ ਜਾਣਕਾਰੀ ਹਾਸਿਲ ਕੀਤੀ।

**2.1.11 "ਸੂਫ਼ੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਦੀ ਇਤਿਹਾਸਿਕ ਗਾਇਨ ਪਰੰਪਰਾ (ਡਾ. ਜਸਬੀਰ ਕੌਰ), ਸਮਾਜਕ ਵਿਗਿਆਨ ਪੱਤਰ।"**

ਇਸ ਖੋਜ ਪੱਤਰ ਵਿਚ ਸੂਫ਼ੀਆਂ ਵਿਚ ਸੰਗੀਤਕ ਉਪਾਸਨਾ ਬਾਰੇ ਦਸਦੇ ਹੋਏ ਲਿਖਦੇ ਹਨ ਕਿ ਸੂਫ਼ੀਆਂ ਨੇ ਭਾਰਤ ਆਮਦ ਤੇ ਆਪਣੇ ਮਤ ਦੇ ਪ੍ਰਚਾਰ ਪ੍ਰਸਾਰ ਹਿਤ ਸੰਗੀਤ ਅਤੇ ਸਾਹਿਤ ਦਾ ਸਹਾਰਾ ਲਿਆ। ਸੂਫ਼ੀਆਂ ਨੇ ਸੂਫ਼ੀ ਸੰਗੀਤ ਦੇ ਤਹਿਤ ਨਿਬੱਧ ਅਤੇ ਅਨਿਬੱਧ ਗਾਇਨ ਸ਼ੈਲੀਆਂ ਅਪਣਾਈਆਂ। ਸੂਫ਼ੀ ਸੰਗੀਤ ਦੀਆਂ ਪ੍ਰਮੁੱਖ ਗਾਇਨ ਸ਼ੈਲੀਆਂ ਕਾਫ਼ੀ, ਕੱਵਾਲੀ, ਹਮਦ, ਨਾਂਅਤ, ਮਨਕਬਤ, ਮਰਸੀਆ, ਬਾਰਾਂਮਾਹ, ਸੀਹਰਫ਼ੀ, ਦੋਹੜਾ, ਸਤਵਾਰਾ, ਅਠਵਾਰਾ, ਸ਼ਲੋਕ, ਸ਼ਬਦ, ਡਿਉਢ, ਗੰਢਾਂ, ਤੂਤੀਆਂ, ਲੋਰੀ, ਅੜਿਲ, ਕਸਬਨਾਮਾ, ਨਜ਼ਮ, ਗ਼ਜ਼ਲ ਦਾ ਵਰਨਣ ਕੀਤਾ ਹੈ। ਸੂਫ਼ੀ ਸੰਗੀਤ ਦੇ ਪ੍ਰਚਾਰ ਪ੍ਰਸਾਰ ਹਿਤ ਸੁਝਾਓ ਦਿੰਦੇ ਹੋਏ ਇਸ ਗੱਲ ਦੀ ਲੋੜ ਮਹਿਸੂਸ ਕੀਤੀ ਹੈ ਕਿ ਅੱਜ ਕਲ੍ਹ ਗਾਇਕਾਂ ਨੂੰ ਪੀਰਾਂ, ਫ਼ਕੀਰਾਂ, ਕਵੀਆਂ ਦੇ ਕਲਾਮ ਨੂੰ ਗਾ ਕੇ ਅਧਿਆਤਮਿਕ ਆਨੰਦ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ।

**2.1.12 "ਹਿੰਦੁਸਤਾਨੀ ਸ਼ਾਸਤਰੀ ਗਾਇਨ ਸ਼ੈਲੀਆ ਦਾ ਕ੍ਰਮਿਕ ਵਿਕਾਸ : ਸਮਾਜ ਸ਼ਾਸਤਰੀ ਪਰਿਪੇਖ (ਡਾ. ਨਿਵੇਦਤਾ ਉੱਪਲ), ਸਮਾਜਕ ਵਿਗਿਆਨ ਪੱਤਰ।"**

ਇਸ ਖੋਜ ਪੱਤਰ ਵਿੱਚ ਸੰਗੀਤ ਸ਼ੈਲੀਆਂ ਦੇ ਇਤਿਹਾਸ ਬਾਰੇ ਦਸਦੇ ਹੋਏ ਸਾਮਗਾਨ ਨੂੰ ਸਭ ਤੋਂ ਪਹਿਲੀ ਸੰਗੀਤਕ ਸ਼ੈਲੀ ਸਵਿਕਾਰਿਆ ਹੈ। ਸਾਮਗਾਨ ਤੋਂ ਉਪਰੰਤ ਸਤੁਤੀਗਾਨ, ਧਰੁਵਾਗਾਨ, ਗੀਤੀਗਾਨ, ਜਾਤੀ ਗਾਨ ਨੂੰ ਉਲੇਖ ਕਰਦੇ ਹੋਏ ਪਰਬੰਧ, ਧਰੁਪਦ, ਖਿਆਲ, ਠੁਮਰੀ ਦਾ ਸੰਖੇਪ ਵਿਚ ਵਰਨਣ ਕੀਤਾ ਹੈ। ਖੋਜ ਪੱਤਰ ਦੇ ਅੰਤ ਵਿਚ ਆਧੁਨਿਕ ਕਾਲ ਵਿਚ ਖਿਆਲ ਸ਼ੈਲੀ ਦੀ ਪ੍ਰਧਾਨਤਾ ਅਤੇ ਖਿਆਲ ਸ਼ੈਲੀ ਦੇ ਬਦਲਦੇ ਨਵੀਨ ਰੂਪ ਠੁਮਰੀ ਵਾਲੀ ਭਾਵੁਕਤਾ ਅਤੇ ਧਰੁਪਦ ਦੀ ਟੇਕ ਨੂੰ ਦੱਸਿਆ ਹੈ। ਖਿਆਲ ਨੂੰ ਠੁਮਰੀ ਅਤੇ ਧਰੁਪਦ ਦੇ ਐਨ ਵਿਚਕਾਰ ਦੱਸਿਆ ਹੈ।

**2.1.13 "ਸੂਫ਼ੀ ਸੰਗੀਤ ਦੀਆਂ ਗਾਇਨ ਸ਼ੈਲੀਆਂ (ਡਾ. ਸਮਸਦ ਅਲੀ), ਸਮਾਜਕ ਵਿਗਿਆਨ ਪੱਤਰ।"**

ਇਸ ਖੋਜ ਪੱਤਰ ਵਿਚ ਸੂਫ਼ੀ ਪਰੰਪਰਾ ਦਾ ਮੂਲ ਇਸ਼ਕ ਨੂੰ ਦਸਦੇ ਹੋਏ ਸੂਫ਼ੀਮਤ ਦਾ ਉਦਮਗ ਅਰਬ ਦੇਸ਼ ਨੂੰ ਦੱਸਿਆ ਹੈ। ਸੂਫ਼ੀ ਸੰਗੀਤ ਨੂੰ ਪ੍ਰਭਾਸ਼ਿਤ ਕਰਦੇ ਹੋਏ ਲਿਖਿਆ ਹੈ ਕਿ ਸੂਫ਼ੀ ਮਤ ਸੂਫ਼ੀ ਦਰਸ਼ਨ ਨੂੰ ਸੂਫ਼ੀ ਕਾਵਿ ਦੀ ਸੰਗੀਤਾਤਮਿਕਤਾ ਪ੍ਰਸਤੁਤੀ ਦੇ ਦੁਆਰਾ ਸੂਫ਼ੀਆਨਾ ਅੰਦਾਜ ਵਿਚ ਪ੍ਰਸਤੁਤ ਕਰਨਾ ਹੀ ਸੂਫ਼ੀ ਸੰਗੀਤ ਹੈ। ਸੂਫ਼ੀ ਸੰਗੀਤ ਵਿਚ ਪ੍ਰਯੋਗ ਹੋਣ ਵਾਲੇ ਰਾਗ, ਪੰਜਾਬੀ ਭਾਸ਼ੀ ਸੂਫ਼ੀਆਂ ਦੀ ਬਾਣੀ ਵਿਚ ਪ੍ਰਯੁਕਤ ਨਿਬੱਧ ਗਾਇਨ ਸ਼ੈਲੀਆਂ ਦੇ ਅੰਤਰਗਤ ਕਾਫੀ ਗਾਇਨ ਸ਼ੈਲੀ, ਕੱਵਾਲੀ, ਰੁਬਾਈ ਅਤੇ ਅਨਿਬੱਧ ਗਾਇਨ ਸ਼ੈਲੀਆਂ ਦੇ ਅੰਤਰਗਤ ਸੀਹਰਫ਼ੀ, ਦੋਹੜਾ ਅਤੇ ਸ਼ਲੋਕ ਨੂੰ ਸੰਖੇਪ ਵਿਚ ਵਰਨਿਤ ਕੀਤਾ ਹੈ।

## ਪ੍ਰਸਤੁਤ ਖੋਜ-ਪ੍ਰਬੰਧ ਦੀ ਪ੍ਰਸੰਗਿਕਤਾ

ਪ੍ਰਸਤੁਤ ਖੋਜ ਪ੍ਰਬੰਧ ਵਿਚ '**ਸੂਫ਼ੀ ਅਤੇ ਹਿੰਦੁਸਤਾਨੀ ਸੰਗੀਤ : ਸਮਕਾਲੀ ਪਰਿਪੇਖ**' ਵਿਚ ਪ੍ਰਾਚੀਨ ਕਾਲ ਤੋਂ ਮੱਧ ਕਾਲ ਦੇ ਅਧਿਆਤਮਿਕ ਸੰਗੀਤ ਦੇ ਸਫ਼ਰ ਵਿਚ ਵੈਦਿਕ ਪਰੰਪਰਾ, ਭਗਤੀ ਲਹਿਰ,

ਦੇ ਸੰਤਾਂ-ਸੂਫ਼ੀਆਂ ਦੀਆਂ ਕਾਵਿ ਰਚਨਾਵਾਂ ਅਤੇ ਸੰਗੀਤਕ ਸ਼ੈਲੀਆਂ ਦਾ ਵਰਨਣ ਕੀਤਾ ਗਿਆ ਹੈ ਅਤੇ ਆਧੁਨਿਕ ਕਾਲ ਦੇ ਪ੍ਰਮੁੱਖ ਸੂਫ਼ੀ ਅਤੇ ਹਿੰਦੁਸਤਾਨੀ ਸੰਗੀਤ ਕਲਾਕਾਰਾਂ ਦੀ ਦੇਣ ਅਤੇ ਅਕਾਦਮਿਕ ਪੱਧਰ ਤੇ ਸੰਗੀਤ ਦੇ ਗੁਰੂਆਂ ਤੋਂ ਵਿਸ਼ੇ ਨਾਲ ਸੰਬੰਧਿਤ ਉਚਿਤ ਜਾਣਕਾਰੀ ਸ਼ਾਮਿਲ ਹੈ। ਇਸ ਖੋਜ ਵਿਸ਼ੇ ਉੱਤੇ ਖੋਜ ਕਾਰਜ ਬਹੁਤ ਘੱਟ ਹੋਇਆ ਹੈ। ਇਸ ਲਈ ਖੋਜਾਰਥਣ ਨੇ ਇਸ ਵਿਸ਼ੇ ਦਾ ਚੁਨਾਣ ਕਰਕੇ ਅਣਛੂਏ ਪਹਿਲੂਆਂ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ।

"Review of related literature is an essential aspect of research project. It implies a survey of accumulated and recorded knowledge of the past and drawing maximum benefits from previous investigators and findings, taking hints from the designs and procedures of previous researchers, matching the conclusions drawn earlier and hence increasing the existing store of knowledge."[1]

## 2.2 ਖੋਜ ਦੀ ਕਾਰਜ ਵਿਧੀ

ਕਿਸੇ ਵੀ ਖੋਜ ਕਾਰਜ ਨੂੰ ਸਫ਼ਲਤਾ ਪੂਰਵਕ ਕਰਨ ਹੇਤੂ ਕਿਸੇ ਵਿਸ਼ੇਸ਼ ਖੋਜ-ਵਿਧੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਸਹੀ ਖੋਜ ਵਿਧੀ ਹੀ ਖੋਜ ਕਾਰਜ ਦੇ ਲਕਸ਼ ਤਕ ਪਹੁੰਚਾਉਣ ਵਿਚ ਸਹਾਇਕ ਸਿੱਧ ਹੁੰਦੀ ਹੈ। ਖੋਜ ਕਾਰਜ ਦੇ ਅਨੁਕੂਲ ਹੀ ਵਿਸ਼ੇਸ਼ ਖੋਜ ਵਿਧੀ ਦਾ ਪ੍ਰਯੋਗ ਕਰਕੇ ਵਿਸ਼ੇ ਨਾਲ ਸੰਬੰਧਿਤ ਸਮੱਗਰੀ ਇਕੱਤਰ ਕਰਕੇ ਖੋਜ ਕਾਰਜ ਨੂੰ ਸੰਪੂਰਨਤਾ ਪ੍ਰਧਾਨ ਕੀਤੀ ਜਾਂਦੀ ਹੈ। ਸ਼੍ਰੋਤ ਇਕੱਠੇ ਕਰਨ ਲਈ ਅਲੱਗ-ਅਲੱਗ ਵਿਧੀਆ ਦਾ ਪ੍ਰਯੋਗ ਕਰਨਾ ਪੈਂਦਾ ਹੈ। ਹਰੇਕ ਵਿਸ਼ੇ ਤੇ ਇੱਕੋ ਜਿਹੀ ਵਿਧੀ ਪ੍ਰਯੋਗ ਨਹੀਂ ਹੋ ਸਕਦੀ। ਖੋਜਾਰਥਣ ਨੇ ਆਪਣੇ ਖੋਜ ਵਿਸ਼ੇ, ਸੂਫ਼ੀ ਅਤੇ ਹਿੰਦੁਸਤਾਨੀ ਸੰਗੀਤ : ਸਮਕਾਲੀ ਪਰਿਪੇਖ ਦੇ ਅਧਿਐਨ ਹੇਤੂ ਹਿਸਟੋਰੀਕਲ ਮੈਥਡ, ਇੰਟਰਵਿਊ ਮੈਥਡ ਆਦਿ ਦਾ ਪ੍ਰਯੋਗ ਕੀਤਾ ਹੈ।

### 2.2.1 ਖੋਜ-ਕਾਰਜ ਦੇ ਉਦੇਸ਼

1. ਹਿੰਦੁਸਤਾਨੀ ਅਤੇ ਸੂਫ਼ੀ ਸੰਗੀਤ ਦੀ ਪੁਰਾਤਨ ਪਰੰਪਰਾ ਦਾ ਅਧਿਐਨ ਕਰਕੇ ਜਾਣਕਾਰੀ ਮੁਹੱਈਆ ਕਰਵਾਉਣਾ।
2. ਅਧਿਆਤਮਿਕ ਸੰਗੀਤ ਦੀਆ ਸ਼ੈਲੀਆਂ ਦਾ ਆਧੁਨਿਕ ਸੰਦਰਭ ਵਿਚ ਸਰੂਪ ਸਮੱਸ਼ਟ ਕਰਨਾ।
3. ਹਿੰਦੁਸਤਾਨੀ ਸੰਗੀਤ ਅਤੇ ਸੂਫ਼ੀ ਸੰਗੀਤ ਦੀਆਂ ਸਮਕਾਲੀ ਸ਼ੈਲੀਆਂ ਦਾ ਵੇਰਵਾ ਇਕੱਤਰ ਕਰਨਾ।
4. ਆਧੁਨਿਕ ਸੂਫ਼ੀ ਕਲਾਕਾਰ ਅਤੇ ਹਿੰਦੁਸਤਾਨੀ ਕਲਾਕਾਰਾਂ ਤੋਂ ਜਾਣਕਾਰੀ ਹਾਸਿਲ ਕਰਕੇ ਵਰਤਮਾਨ ਪਰਿਪੇਖ ਵਿਚ ਸੂਫ਼ੀ ਅਤੇ ਹਿੰਦੁਸਤਾਨੀ ਸੰਗੀਤ ਦੇ ਸਰੂਪ ਨੂੰ ਉਜਾਗਰ ਕਰਨਾ।
5. ਖੋਜਾਰਥੀਆਂ ਲਈ ਖੋਜ ਪ੍ਰੇਰਕ ਸ਼ਕਤੀ ਦਾ ਸੰਚਾਰ।

### 2.2.2 ਦੱਤ ਸੰਗ੍ਰਹਿ ਵਿਧੀ

ਕਿਸੇ ਵੀ ਖੋਜ ਕਾਰਨ ਲਈ ਦੱਤ ਸੰਗ੍ਰਹਿ ਹੇਤੂ ਕਿਸੇ ਇੱਕ ਹੀ ਢੰਗ ਜਾਂ ਵਿਧੀ ਦਾ ਇਸਤੇਮਾਲ ਨਹੀਂ ਕੀਤਾ ਜਾਂਦਾ, ਸਗੋਂ ਖੋਜ ਕਾਰਜ ਨੂੰ ਸਾਰਥਕਤਾ ਪ੍ਰਦਾਨ ਕਰਨ ਲਈ ਇਤਿਹਾਸਿਕ ਵਿਧੀ ਅਤੇ

---

[1] ਵਿਜ, ਰੂਬੀ, ਸਟੱਡੀ ਆਫ਼ ਐਟੀਚਿਊਟ ਟੂਵਾਰਡਸ ਕੋ-ਕਰੀਕੁਲਰ ਐਕਟੀਵਿਟੀਸ ਅਮੰਗ ਕਾਮਰਸ ਐਂਡ ਸਾਇੰਸ, (ਐੱਮ.ਐੱਡ. ਡਿਸਰਟੇਸ਼ਨ) ਪੰਨਾ 31.

ਸਰਵੇਖਣ ਵਿਧੀ ਤਹਿਤ ਪੁਸਤਕਾਂ, ਪੱਤ੍ਰਿਕਾਵਾਂ, ਸ਼ਬਦ ਕੋਸ਼, ਇੰਟਰਨੈਟ, ਧਾਰਮਿਕ ਗ੍ਰੰਥ ਅਤੇ ਹੋਰ ਪ੍ਰਕਾਸ਼ਿਤ ਸਮੱਗਰੀ ਇਕੱਤਰ ਕਰਕੇ ਖੋਜ ਕਾਰਜ ਕੀਤਾ ਜਾਂਦਾ ਹੈ। ਸੰਗੀਤ ਦੇ ਵਿਕਾਸ ਵਿਚ ਯੋਗਦਾਨ ਦੇਣ ਵਾਲੇ ਤਕਨੀਕ ਦੇ ਆਧਾਰ ਤੇ ਰਿਕਾਡਿੰਗ ਫਿਲਮਾਂਕਣ ਪੱਖਾਂ ਆਦਿ ਨੂੰ ਵਿਸ਼ੇਸ਼ ਤੌਰ ਤੇ ਸਹਾਇਕ ਵਿਧੀ ਵਜੋਂ ਵਿਚਾਰਿਆ ਗਿਆ ਹੈ। ਇਹਨਾਂ ਸਰੋਤਾਂ ਤੋਂ ਇਲਾਵਾ ਖੋਜ ਦੇ ਪ੍ਰਾਥਮਿਕ ਸਰੋਤ ਭੇਂਟ ਵਾਰਤਾ ਰਾਹੀਂ ਵੀ ਖੋਜ ਵਿਸ਼ੇ ਸੰਬੰਧਿਤ ਸਮੱਗਰੀ ਇਕੱਤਰ ਕੀਤੀ ਗਈ ਹੈ।

### 2.2.3 ਦੱਤ ਉਪਕਰਣ

ਦੱਤ ਉਪਕਰਣਾਂ ਵਿਚ ਤੱਥਾਂ ਨੂੰ ਉਜਾਗਰ ਕਰਨ ਹੇਤੂ ਵੀਡੀਓ ਕੈਮਰਾ, ਟੇਪ ਰਿਕਾਰਡ, ਮੋਬਾਇਲ, ਲੈਪਟੱਪ ਆਦਿ ਦਾ ਪ੍ਰਯੋਗ ਕੀਤਾ ਗਿਆ।

### 2.2.4 ਦੱਤ ਸ੍ਰੋਤ

ਪੁਸਤਕਾਂ, ਪੱਤ੍ਰਿਕਾਵਾਂ, ਮੈਗਜ਼ੀਨ, ਇੰਟਰਨੈਟ ਤੋਂ ਉਪਬੱਧ ਜਾਣਕਾਰੀ ਅਤੇ ਵੱਖ-ਵੱਖ ਕਲਾਕਰਾਂ ਦੀਆਂ ਰਿਕਾਰਡਿੰਗ ਦੀਆਂ ਕੈਸਟਸ ਅਤੇ ਸੀ.ਡੀਸ ਦਾ ਪ੍ਰਯੋਗ।

### 2.2.5 ਦੱਤ ਵਿਸ਼ਲੇਸ਼ਣ

ਦੱਤ ਸਮੱਗਰੀ ਦਾ ਵਿਸ਼ਲੇਸ਼ਣ ਕਰਨ ਲਈ ਗੁਣਾਤਮਕ ਵਿਧੀ ਅਤੇ ਗਣਨਾਤਮਕ ਵਿਧੀ ਦਾ ਪ੍ਰਯੋਗ ਕੀਤਾ ਗਿਆ ਹੈ।

### 2.2.6 ਖੋਜ ਕਾਰਜ ਦਾ ਸੀਮਾ ਖੇਤਰ

ਹਰੇਕ ਖੋਜ ਕਾਰਜ ਦੀ ਇਕ ਸੀਮਾ ਰੇਖਾ ਹੁੰਦੀ ਹੈ ਅਤੇ ਉਸ ਸੀਮਾ ਰੇਖਾ ਦੇ ਅੰਤਰਗਤ ਹੀ ਖੋਜ ਸੰਭਵ ਹੁੰਦੀ ਹੈ। ਇਹ ਅਲੱਗ ਪਹਿਲੂ ਹੈ ਕਿ ਖੋਜ ਵਿਸ਼ੇ ਤੱਕ ਪਹੁੰਚਣ ਲਈ ਕਈ ਵਾਰ ਸੀਮਾ ਖੇਤਰ ਦੇ ਨਾਲ ਲਗਦੇ ਦਾਇਰੇ ਨੂੰ ਵੀ ਛੂਹਣਾ ਪੈਂਦਾ ਹੈ ਪ੍ਰੰਤੂ ਮੁੱਖ ਰੂਪ ਵਿਚ ਖੋਜ ਕਾਰਜ ਦੀ ਸੀਮਾ ਦੇ ਅੰਦਰ ਰਹਿ ਕੇ ਹੀ ਖੋਜ ਵਿਧੀ ਦਾ ਨਤੀਜਾ ਕੱਢਿਆ ਜਾਂਦਾ ਹੈ।

ਇਸ ਖੋਜ ਕਾਰਜ ਲਈ ਸੂਫ਼ੀ ਅਤੇ ਹਿੰਦੁਸਤਾਨੀ ਸੰਗੀਤ ਦੇ ਪ੍ਰਮੱਖ ਸੰਤਾਂ ਅਤੇ ਸੂਫ਼ੀਆਂ ਦੀ ਅਧਿਆਤਮਿਕ ਅਭਿਵਿਅਕਤੀ ਹੇਤੂ ਉਤਰੀ ਭਾਰਤ ਦੇ ਸੂਫ਼ੀਆਂ ਅਤੇ ਸੰਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਵਰਤਮਾਨ ਸੰਦਰਭ ਵਿਚ ਹਿੰਦੁਸਤਾਨੀ ਅਤੇ ਸੂਫ਼ੀ ਸੰਗੀਤ ਦੇ ਪ੍ਰਚਾਰ ਪ੍ਰਸਾਰ ਵਿਚ ਯੋਗਦਾਨ ਪਾ ਰਹੇ ਉਤਰੀ ਭਾਰਤ ਦੇ ਕਲਾਕਾਰ ਅਤੇ ਪਾਕਿਸਤਾਨ ਦੇ ਕਲਾਕਾਰ ਨੂੰ ਸ਼ਾਮਿਲ ਕੀਤਾ ਗਿਆ ਹੈ।